# ਯੋਸੀਯਾਹ ਰਾਜੇ ਦੀ ਤਰ੍ਹਾਂ, ਅਸੀਂ ਪਰਮੇਸ਼ੁਰ ਦੇ ਵਚਨ ਦੇ ਇਖ਼ਤਿਆਰ ਦਾ ਸਤਿਕਾਰ ਕਰਦੇ ਹਾਂ

ਜਿਹੜੇ ਲੋਕ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ, ਉਨ੍ਹਾਂ ਨੂੰ A3b ਦਾ ਅਧਿਐਨ ਕਰਨਾ ਚਾਹੀਦਾ ਹੈ।

ਪ੍ਰਾਰਥਨਾ: "ਪਵਿੱਤਰ ਆਤਮਾ, ਸਾਡੇ ਮਨ ਨੂੰ ਪੂਰੇ ਦਿਲ ਦੇ ਨਾਲ ਤੇਰੇ ਵਚਨ ਨੂੰ ਸਿੱਖਣ ਅਤੇ ਇਸ ਉੱਤੇ ਚੱਲਣ ਲਈ ਰੋਸ਼ਨ ਕਰੇ। ਦੂਜਿਆਂ ਲਈ ਇਸਨੂੰ ਸਪੱਸ਼ਟ ਕਰਨ ਵਿੱਚ ਮਦਦ ਕਰ, ਤਾਂ ਜੋ ਉਹ ਸਾਡੇ ਨਾਲ ਅਨੰਦ ਮਾਣ ਸਕਣ।"


1. ਪਰਮੇਸ਼ੁਰ ਦੇ ਵਚਨ ਵਿੱਚੋਂ ਸਿੱਖਣ ਲਈ ਆਪਣੇ ਦਿਲ ਨੂੰ ਤਿਆਰ ਕਰੋ

**2 ਇਤਹਾਸ 35** ਪੜ੍ਹੋ ਅਤੇ ਜਾਣੋ :

- ਕਿਵੇਂ ਯੋਸੀਯਾਹ ਨੇ ਪਰਮੇਸ਼ੁਰ ਦੀ ਆਗਿਆ ਮੰਨਣ ਲਈ ਮਨੁੱਖੀ ਧਾਰਮਿਕ ਰੀਤੀ ਰਿਵਾਜਾਂ ਨੂੰ ਤੋੜਿਆ।

  *(ਉੱਤਰ : 3-7 ਆਇਤਾਂ ਵੇਖੋ। ਯੋਸੀਯਾਹ ਨੇ ਲੋਕਾਂ ਦੀਆਂ ਮੂਰਤੀਆਂ ਨੂੰ ਠੁਕਰਾ ਦਿੱਤਾ। ਸਾਨੂੰ ਵੀ ਪਰਮੇਸ਼ੁਰ ਦੇ ਝੁੰਡ ਦੀ ਰਖਵਾਲੀ ਉਸ ਤਰੀਕੇ ਨਾਲ ਕਰਨੀ ਚਾਹੀਦੀ ਹੈ, ਜਿਵੇਂ ਪਰਮੇਸ਼ੁਰ ਮੰਗ ਕਰਦਾ ਹੈ, ਨਾ ਕਿ ਮਨੁੱਖੀ ਰੀਤੀ ਰਿਵਾਜਾਂ ਅਨੁਸਾਰ।)*
- ਪਰਮੇਸ਼ੁਰ ਦੇ ਵਚਨ ਨੂੰ ਲੱਭਣ ਲਈ ਯੋਸੀਯਾਹ ਦੇ ਲੋਕਾਂ ਨੇ ਕਿੰਨੀ ਸਖ਼ਤ ਮਿਹਨਤ ਕੀਤੀ।

  *(ਉੱਤਰ : 8-15 ਆਇਤਾਂ ਵੇਖੋ। ਪਰਮੇਸ਼ੁਰ ਦਾ ਵਚਨ ਵਿਸਰੇ ਹੋਏ ਮੰਦਰਾਂ ਵਿੱਚ ਗੁਆਚ ਚੁੱਕਾ ਸੀ।)*
- ਪਰਮੇਸ਼ੁਰ ਦਾ ਵਚਨ ਅੱਜ ਉਨ੍ਹਾਂ ਲੋਕਾਂ ਕੋਲੋਂ ਗੁਪਤ ਹੈ, ਜਿੱਥੇ ਕਿਸੇ ਨੇ ਵੀ ਹਾਲੇ ਤੱਕ ਇਸ ਦਾ ਆਪਣੀ ਭਾਸ਼ਾ ਵਿੱਚ ਸਹੀ ਤਰ੍ਹਾਂ ਅਨੁਵਾਦ ਨਹੀਂ ਕੀਤਾ। ਬਹੁਤ ਸਾਰੇ ਅਨੁਵਾਦਕ ਸਹੀ ਅਨੁਵਾਦ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਨ।



ਪੁਰਾਤਨ ਸਮਿਆਂ ਵਿੱਚ ਪੁਸਤਕਾਂ ਲਵੇਟਵੀਆਂ ਪੱਤ੍ਰੀਆਂ ਉੱਤੇ ਲਿਖੀਆਂ ਜਾਂਦੀਆਂ ਸਨ ਜੋ ਉੱਪਰ ਨੂੰ ਖੁੱਲਦੀਆਂ ਸਨ।

- ਯੋਸੀਯਾਹ ਨੇ ਪਰਮੇਸ਼ੁਰ ਦੀ ਮਦਦ ਦੀ ਕਿਵੇਂ ਭਾਲ ਕੀਤੀ, ਜਦੋਂ ਉਸਨੇ ਪਵਿੱਤਰ ਵਚਨ ਦਾ ਅਧਿਐਨ ਕਤਿਾ।

  (*ਉੱਤਰ* : 21-28 ਆਇਤਾਂ ਵੇਖੋ। ਪਵਿੱਤਰ ਆਤਮਾ ਸਾਡੇ ਵਿਸ਼ਵਾਸੀਆਂ ਵਿੱਚ ਵਾਸ ਕਰਦਾ ਹੈ ਅਤੇ ਸੱਚਿਆਈ ਵਿੱਚ ਸਾਡੀ ਅਗਵਾਈ ਕਰਦਾ ਹੈ (ਯੂਹੰਨਾ 16:13)। ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਉਸਨੂੰ ਸਾਨੂੰ ਰੋਸ਼ਨ ਕਰਨ ਲਈ ਕਹਿੰਦੇ ਹਾਂ (ਅਫ਼.1:15-18)।
- ਪਰਮੇਸ਼ੁਰ ਦੇ ਵਚਨ ਦਾ ਇਖ਼ਤਿਆਰ ਜਿਹੜਾ ਯੋਸੀਯਾਹ ਲਈ ਸੀ, ਅਤੇ ਜੋ ਉਸਨੇ ਕੀਤਾ।

  (*ਉੱਤਰ* : 30-33 ਆਇਤਾਂ ਵੇਖੋ। ਅਸੀਂ ਵਿਸ਼ਵਾਸ ਨਾਲ ਪਰਮੇਸ਼ੁਰ ਦਾ ਪ੍ਰਕਾਸ਼ ਪ੍ਰਾਪਤ ਕਰਦੇ ਅਤੇ ਇਸਦੀ ਆਗਿਆ ਮੰਨਦੇ ਹਾਂ।)

**ਮੱਤੀ 4:1-11** ਵਿੱਚ ਪੜ੍ਹੋ ਕਿ ਯਿਸੂ ਨੇ ਸ਼ੈਤਾਨ ਦਾ ਸਾਹਮਣਾ ਕਿਵੇਂ ਕੀਤਾ।

- ਕਿਹੜੇ ਤਿੰਨ ਤਰੀਕਿਆਂ ਨਾਲ ਸ਼ੈਤਾਨ ਨੇ ਯਿਸੂ ਨੂੰ ਪਰਤਾਇਆ?
- ਹਰ ਪਰਤਾਵੇ ਤੋਂ ਬਾਅਦ ਯਿਸੂ ਨੇ ਸ਼ੈਤਾਨ ਨੂੰ ਉੱਤਰ ਦੇਣ ਲਈ ਕਿਸਦਾ ਹਵਾਲਾ ਦਿੱਤਾ?
- ਉਸ ਦੇ ਪਰਤਾਏ ਜਾਣ ਦੇ ਬਾਅਦ ਯਿਸੂ ਦੀ ਟਹਿਲ ਕਰਨ ਲਈ ਕੌਣ ਆਇਆ?

## ਪਿਛੋਕੜ

- ਪਵਿੱਤਰ ਆਤਮਾ ਨੇ ਪਰਮੇਸ਼ੁਰ ਦਾ ਵਚਨ ਲਿਖਣ ਲਈ ਧਰਮੀ ਮਨੁੱਖਾਂ ਨੂੰ ਪ੍ਰੇਰਿਤ ਕੀਤਾ (1 ਤਿਮੋਥਿਉਸ 3:16-17)। ਉਨ੍ਹਾਂ ਨੇ ਪੁਰਾਣਾ ਨੇਮ ਇਬਰਾਨੀ ਭਾਸ਼ਾ ਵਿੱਚ ਅਤੇ ਨਵਾਂ ਨੇਮ ਯੂਨਾਨੀ ਭਾਸ਼ਾ ਵਿੱਚ ਲਿਖਿਆ:
- ਇਬਰਾਨੀ ਭਾਸ਼ਾ ਸੱਜੇ ਤੋਂ ਖੱਬੇ ਪਾਸੇ ਵੱਲ ਪੜ੍ਹੀ ਜਾਂਦੀ ਹੈ:

  בְּרֵאשִׁית בָּרָא אֱלֹהִים אֵת הַשָּׁמַיִם וְאֵת הָאָרֶץ׃
- ਯੂਨਾਨੀ ਭਾਸ਼ਾ ਖੱਬੇ ਤੋਂ ਸੱਜੇ ਪਾਸੇ ਵੱਲ ਪੜ੍ਹੀ ਜਾਂਦੀ ਹੈ।

  Ἐν ἀρχῇ ἦν ὁ λόγος, καὶ ὁ λόγος ἦν πρὸς τὸν θεόν, καὶ θεὸς ἦν ὁ λόγος.
- ਅਸੀਂ ਪਵਿੱਤਰ ਵਚਨ ਦੇ ਪੈਰ੍ਹੇ ਨੂੰ ਤਦ ਹੀ ਬੇਹਤਰ ਸਮਝ ਸਕਦੇ ਹਾਂ ਜੇਕਰ ਅਸੀਂ ਜਾਣਦੇ ਹਾਂ:

  **ਇਸਨੂੰ ਕਿੰਨੇ ਲਿਖਿਆ, ਕਿਸ ਲਈ ਅਤੇ ਕਿਉਂ?**

  **ਕਿੱਥੇ ਅਤੇ ਕਦੋਂ ਇਹ ਗੱਲਾਂ ਹੋਈਆ?**

  **ਇਸ ਪੈਰ੍ਹੇ ਵਿੱਚ ਕੌਣ ਬੋਲ ਰਿਹਾ ਸੀ?**

  **ਇਹ ਸਾਨੂੰ ਕੀ ਕਰਨ ਲਈ ਤਿਆਰ ਕਰਦਾ ਹੈ?**

ਅਸੀਂ ਪਵਿੱਤਰ ਵਚਨ ਦੇ ਕੁਝ ਹਿੱਸਿਆ ਨੂੰ ਵੀ ਤਦ ਹੀ ਬੇਹਤਰ ਸਮਝ ਸਕਦੇ ਹਾਂ ਜੇਕਰ ਅਸੀਂ ਇਸਰਾਏਨ ਦੇ ਪੁਰਾਣੇ ਰੀਤੀ ਰਿਵਾਜ਼ , ਇਤਹਾਸ ਅਤੇ ਭੂਗੋਲ ਬਾਰੇ ਜਾਣਦੇ ਹਾਂ। ਇਨ੍ਹਾਂ ਨੂੰ ਦੂਜੇ *ਪੌਲੁਸ-ਤਿਮੋਥਿਉਸ* ਚਰਵਾਹਿਆ ਦੇ ਅਤੇ ਥੁੜ੍ਹ-ਪੂਰਤੀ ਅਧਿਐਨ ਵਿੱਚ ਸਿੱਖੋ, (ਪੀ-ਟੀ.ਯੂਜ਼ਰ ਮੀਨੂ, ਬਾਈਬਲ ਸੈਕਸ਼ਨ ਵੇਖੋ)

**2.** ਹਫ਼ਤੇ ਦੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ

- ਆਪਣੇ ਸਹਿਕਰਮੀਆਂ ਨਾਲ ਮਿਲਕੇ, ਪਰਿਵਾਰਾਂ ਨੂੰ ਹਫ਼ਤੇ ਦੇ ਦੌਰਾਨ ਮਨ ਲਾ ਕੇ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਸ਼ੁਰੂ ਕਰਨ ਵਿੱਚ ਮਦਦ ਕਰੋ।
- ਲੱਭੋ ਕਿ ਤੁਸੀਂ ਕਿਵੇਂ ਆਪਣੇ ਖੇਤਰ ਵਿੱਚ ਅਨੁਵਾਦ ਅਤੇ ਸਾਖਰਤਾ ਦਾ ਸਮਰਥਨ ਕਰ ਸਕਦੇ ਹੋ?

**3.** ਸਹਿਕਰਮੀਆਂ ਨਾਲ ਮਿਲਕੇ ਅੱਗੇ ਆਉਣ ਵਾਲੀ ਅਰਾਧਨਾ ਬਾਰੇ ਯੋਜਨਾ ਬਣਾਓ।

- ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਮੌਕੇ ਅਤੇ ਸਥਾਨਕ ਰਿਵਾਜਾਂ ਲਈ ਢੁੱਕਵੀਆਂ ਹਨ।
- ਅਰਾਧਨਾ ਦੌਰਾਨ ਪ੍ਰਾਰਥਨਾ ਕਰੋ ਕਿ ਪਵਿੱਤਰ ਆਤਮਾ, ਪਰਮੇਸ਼ੁਰ ਦੇ ਵਚਨ ਨਾਲ ਝੁੰਡ ਦੀ ਅਗਵਾਈ ਕਰੇ
- ਸਚਿਆਈ ਲਈ ਜਿਹੜੀ ਉਸਦੇ ਵਚਨ ਵਿੱਚ ਪ੍ਰਗਟ ਕੀਤੀ ਗਈ ਹੈ ਪਰਮੇਸ਼ੁਰ ਦੀ ਉਸਤਤ ਕਰੋ। ਉਨ੍ਹਾਂ ਗੱਲਾਂ ਦਾ ਵੇਰਵਾ ਅਤੇ ਗਵਾਹੀ ਦੇਣ ਲਈ ਕਹੋ ਕਿ ਕਿਵੇਂ ਪਵਿੱਤਰ ਵਚਨ ਨੇ ਪਿਛਲੇ ਹਫ਼ਤੇ ਲੋਕਾਂ ਨੂੰ ਅਨੰਦ ਅਤੇ ਪਵਿੱਤਰਤਾ ਲੱਭਣ ਵਿੱਚ ਮਦਦ ਕਰਕੇ ਪਵਿੱਤਰ ਵਚਨ ਨੂੰ ਪ੍ਰਯੋਗ ਕੀਤਾ।

  **ਯੋਸੀਯਾਹ ਰਾਜੇ ਦੀ ਕਹਾਣੀ ਦੱਸੋ ਜਾਂ ਇਸ ਬਾਰੇ ਨਾਟਕ ਪੇਸ਼ ਕਰੋ।**
- 2 ਇਤਹਾਸ 34 ਨਾਲ ਸਬੰਧਿਤ ਇਕ ਮਦਦਗਾਰ ਤਿਆਰ ਕਰੋ
- ਸਭ ਤੋਂ ਪਹਿਲਾਂ, ਹਰ ਇਕ ਜਣੇ ਨੂੰ ਇਹ ਲੱਭਣ ਲਈ ਸੁਣਨ ਨੂੰ ਕਹੋ ਕਿ ਕਿਵੇਂ ਪਰਮੇਸ਼ੁਰ ਦੇ ਵਚਨ ਨੇ ਇਸਰਾਏਲ ਦੇ ਲੋਕਾਂ ਦੇ ਜੀਵਨਾਂ ਨੂੰ ਬਦਲਿਆ। ਵਿਸ਼ਵਾਸੀਆਂ ਨੂੰ ਪੁੱਛੋ ਕਿ ਉਨ੍ਹਾਂ ਨੇ ਕੀ ਲੱਭਿਆ ਹੈ। ਪ੍ਰਸ਼ਨ ਪੁੱਛੋ ਜਿਨ੍ਹਾਂ ਦੀ ਸੂਚੀ ਉਪਰਲੇ ਹਿੱਸੇ, ਭਾਗ 1 ਵਿੱਚ ਦਿੱਤੀ ਗਈ ਹੈ।

ਨਾਟਕ ਪੇਸ਼ ਕਰੋ ਕਿ ਕਿਵੇਂ ਪਵਿੱਤਰ ਆਤਮਾ ਸਾਡੇ ਮਨਾਂ ਨੂੰ ਰੋਸ਼ਨ ਕਰਨ ਲਈ ਪਰਮੇਸ਼ੂਰ ਦੇ ਵਚਨ ਦਾ ਪ੍ਰਯੋਗ ਕਰਦਾ ਹੈ।

**ਸਿਖਿਆਰਥੀ** : ਮੇਜ਼ ਉੱਤੇ ਮੋਮਬੱਤੀ ਜਗਾਓ, ਫਿਰ ਦੂਜੇ ਪਾਸੇ ਵੇਖੋ।

'ਸ਼ੈਤਾਨ' :

- ਮੋਮਬੱਤੀ ਦੇ ਕੋਲ ਸਹਿਜੇ ਜੇਹੇ ਜਾਓ, ਇਸਨੂੰ ਬੁਝਾਓ ਅਤੇ ਸ਼ੈਤਾਨ ਵਾਂਗੂ ਹੱਸੋ।
- ਸਿਖਿਆਰਥੀ ਦੀਆਂ ਅੱਖਾਂ ਉੱਤੇ ਕੱਪੜਾ ਬੰਨੋ, ਹੱਥ ਪੜ੍ਹ ਕੇ ਉਸਦੀ ਅਗਵਾਈ ਕਰੋ। ਕਹੋ "ਆ!" (ਚੱਲ।)
- ਲੋਕਾਂ ਵੱਲ ਇਸ਼ਾਰਾ ਕਰਕੇ ਇਸ ਕਵਿਤਾ ਨੂੰ ਪੜ੍ਹੋ ਜਾਂ ਇਸਦਾ ਅਲਾਪ ਕਰੋ (*ਜੇਕਰ ਤੁਸੀਂ ਸ਼ੈਤਾਨ ਦੀ ਕਵਿਤਾ ਦਾ ਅਨੁਵਾਦ ਕਰਦੇ ਹੋ ਤਾਂ ਤੁਹਾਨੂੰ ਤੁਕਾਂਤ ਬਰਕਰਾਰ ਰੱਖਣ ਦੀ ਲੋੜ ਨਹੀਂ ਹੈ*):

"ਤੁਸੀਂ ਮੂਰਖੋ ਮੇਰੇ ਦੁਸ਼ਮਣ ਦੀ ਆਗਿਆ ਮੰਨਦੇ ਹੋ! ਮੈਂ ਤੁਹਾਡੇ ਜ਼ੋਰਦਾਰ ਵਿਦਰੋਹ ਨੂੰ ਰੋਕ ਦੇਵਾਂਗਾ।

ਮੈਂ ਤੁਹਾਨੂੰ ਉਸਦੇ ਵਚਨ ਤੋਂ ਮੋੜ ਦੇਵਾਂਗਾ, ਤੁਸੀਂ ਮਨੁੱਖਾਂ ਦੇ ਰਿਵਾਜ ਦੁਆਰਾ ਸਿੱਖਿਆ ਨੂੰ ਵੇਖੋਗੇ:

ਤੁਸੀਂ ਨਾਸਵਾਨੋ ਉਸ ਨਾਲ ਘੁੱਟ ਘੁੱਟ ਪੀਣ ਦੀ ਹਿੰਮਤ ਕਰਦੇ ਹੋ, ਜਿਸਦਾ ਪਿਆਲਾ ਨਰਕ ਦੀ ਅੱਗ ਤੋਂ ਆਉਂਦਾ ਹੈ?

ਮੈਂ ਤੁਹਾਨੂੰ ਚੇਤਾਵਨੀ ਦੇਂਦਾ ਹਾਂ ਕਿ ਵਿਰੋਧ ਕਰਨਾ ਬੰਦ ਕਰੋ, ਨਹੀਂ ਤਾਂ ਤੁਸੀਂ ਨਰਕ ਦੇ ਬਲਦੇ ਕਰੋਧ ਦਾ ਡੰਗ ਮਹਿਸੂਸ ਕਰੋਗੇ!"

**ਪ੍ਰਚਾਰਕ** (ਜ਼ੋਰ ਨਾਲ ਕਹੋ):

- "ਸ਼ੈਤਾਨ, ਰੁੱਕ ਜਾਹ! ਨਹੀਂ ਤਾਂ ਤੂੰ ਡੂੰਘੇ ਟੋਏ ਵਿੱਚ ਡਿਗੇਂਗਾ!"
- 2 ਕੁਰਿੰਥੀਆਂ 4:4 ਪੜ੍ਹੋ ('ਇਸ ਜੁੱਗ ਦਾ ਈਸ਼ੁਰ ਸਾਨੂੰ ਅੰਨ੍ਹਿਆਂ ਕਰਦਾ ਹੈ')।
- ਮੋਮਬੱਤੀ ਜਗਾਓ ਅਤੇ 'ਸ਼ੈਤਾਨ' ਅਤੇ ਸਿਖਿਆਰਥੀ ਦੇ ਸਾਹਮਣੇ ਇਸ ਨੂੰ ਪਵਿੱਤਰ ਵਚਨ ਦੇ ਉੱਪਰ ਕਰਕੇ ਫੜੋ।

**'ਸ਼ੈਤਾਨ'** : ਦਰਦ ਨਾਲ ਰੋਵੋ ਅਤੇ ਪਿਛਾਂਹ ਹੱਟ ਜਾਓ। ਆਪਣੀਆਂ ਅੱਖਾਂ ਨੂੰ ਢੱਕ ਲਓ। ਜ਼ੋਰ ਨਾਲ ਕਹੋ, "ਇਸ ਭਿਆਨਕ ਰੋਸ਼ਨੀ ਨੂੰ ਮੇਰੇ ਤੋਂ ਦੂਰ ਕਰੋ!" (ਛੱਡ ਦਿਓ)

**ਪ੍ਰਚਾਰਕ** : "ਸ਼ੈਤਾਨ, ਇਸ ਸੰਸਾਰ ਦੇ ਈਸ਼ੁਰ ਨੇ, ਤੁਹਾਡੀਆਂ ਅੱਖਾਂ ਉੱਤੇ ਪੱਟੀ ਬੰਨ੍ਹੀ ਹੋਈ ਹੈ।" (ਇਸ ਨੂੰ ਖੋਲ੍ਹ ਦਿਓ।)

**ਸਿਖਿਆਰਥੀ** : "ਮੈ ਨਹੀਂ ਜਾਣਦਾ ਸੀ ਕਿ ਮੇਰੀਆਂ ਅੱਖਾਂ ਉੱਤੇ ਪੱਟੀ ਬੰਨੀ ਹੋਈ ਸੀ!" (ਬਾਈਬਲ ਲਓ ਅਤੇ ਯੂਹੰਨਾ 16:13-14 ਪੜ੍ਹੋ।)

ਇਕੱਠੇ ਮਿਲਕੇ ਮੱਤੀ 4:4 **ਯਾਦ ਕਰੋ।**

ਬੱਚਿਆਂ ਨੂੰ ਕਵਿਤਾ ਨਾਟਕ ਅਤੇ ਪ੍ਰਸ਼ਨ ਜਿਹੜੇ ਉਨ੍ਹਾਂ ਤਿਆਰ ਕੀਤੇ ਹਨ ਪੇਸ਼ ਕਰਨ ਲਈ ਕਹੋ।

ਹਫ਼ਤੇ ਦੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਜਿਨ੍ਹਾਂ ਦੀ ਤੁਸੀਂ ਯੋਜਨਾ ਬਣਾਈ ਹੈ **ਸੂਚਿਤ ਕਰੋ।**

**ਪ੍ਰਭੂ ਭੋਜ ਸ਼ੁਰੂ ਕਰਨ ਲਈ** 2 ਇਤਹਾਸ 30, ਆਇਤਾਂ 5-6 ਅਤੇ 25-27 ਪੜ੍ਹੋ। ਦੱਸੋ ਕਿ ਯਿਸੂ ਦੇ ਆਉਣ ਤੋਂ ਪਹਿਲਾਂ, ਪਰਮੇਸ਼ੁਰ ਦੇ ਲੋਕਾਂ ਨੇ ਲੇਲੇ ਨੂੰ ਕੁਰਬਾਨ ਕੀਤਾ ਅਤੇ ਇਹ ਯਾਦ ਕਰਕੇ ਖਾਧਾ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ ਸੀ। ਹੁਣ, ਯਿਸੂ ਪਰਮੇਸ਼ੁਰ ਦਾ ਲੇਲਾ ਹੈ, ਜਿਹੜਾ ਸਾਡੇ ਪਾਪਾਂ ਨੂੰ ਚੁੱਕ ਲੈ ਜਾਂਦਾ ਹੈ।

**ਦੋ ਜਾਂ ਤਿੰਨ ਲੋਕਾਂ ਦੇ ਸਮੂਹਾਂ ਵਿੱਚ ਇਕੱਠੇ ਹੋਵੋ।** ਪ੍ਰਾਰਥਨਾ ਕਰੋ, ਯੋਜਨਾਵਾਂ ਦੀ ਪੁਸ਼ਟੀ ਕਰੋ, ਅਤੇ ਇਕ ਦੂਜੇ ਨੂੰ ਉਤਸਾਹਿਤ ਕਰੋ।

Copyright 2004 © by Paul-Timothy. May be freely copied. Download from www.Paul-Timothy.net